**ਪੰਜਾਬ ਸਰਕਾਰ**
**ਸਥਾਨਕ ਸਰਕਾਰ, ਵਿਭਾਗ**
**(ਲੇਖਾ ਸਾਖਾ)**

ਸੇਵਾ ਵਿਖੇ,

ਕਾਰਜ ਸਾਧਕ ਅਫਸਰ,

ਨਗਰ ਕੌਂਸਲ, ਬਰਨਾਲਾ।

ਯਾਦ ਪੱਤਰ ਨੰ: ਲੇਖਾਕਾਰ- ਸ -ਡਸਸ-ਓਕਵਲ-( )- 10420

ਮਿਤੀ: 27-04-12

ਵਿਸ:- **ਨਗਰ ਕੌਂਸਲ, ਬਰਨਾਲਾ ਦਾ ਬਜਟ ਸਾਲ 2012-13 ਸੰਬਧੀ ।**

*********

ਉਪਰੋਕਤ ਵਿਸੇ ਤੇ ਆਪ ਦੇ ਮੀਮੋ ਨੰ: /ਲੇਖਾ/1052 ਮਿਤੀ 226/3/2012 ਦੇ ਹਵਾਲੇ ਵਿੱਚ ।

2. ਪੰਜਾਬ ਮਿਊਸਪਲ ਅਕਾਊਟ ਕੋਡ 1930 ਦੇ ਰੂਲ 11.8 ਅਧੀਨ ਨਗਰ ਕੌਂਸਲ ਬਰਨਾਲਾ ਦਾ ਬਜਟ ਅਨੁਮਾਨ ਸਾਲ 2012-13 ਹੇਠ ਦਰਸਾਈਆਂ ਸਰਤਾਂ ਅਨੂਸਾਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਵਲੋਂ ਪ੍ਰਵਾਨ ਕੀਤਾ ਜਾਂਦਾ ਹੈ :-

(ਰਕਮ ਲੱਖਾਂ ਵਿੱਚ )

| **ਆਮਦਣ** | **ਵਿਭਾਗ ਦੀ ਪ੍ਰਵਾਨਗੀ** |
|---|---|
| ਮਿਤੀ 01/04/2012 ਨੂੰ ਮੁੱਢਲਾ ਬਕਾਇਆ | 100-00 |
| ਸਾਲ 2012-13 ਲਈ ਆਮਦਨ | 1976-44 |
| **ਕੁਲ** | **2076-44** |
| **ਖਰਚਾ** | |
| **ੳ) ਅਮਲਾ**<br>(I) ਕੇਵਲ ਮੌਜੂਦਾ ਪੋਸਟਾਂ ਲਈ 716-74<br>(II) ਪੈਨਸਨ ਕੰਟਰੀਬਿਊਸਨ 50-00<br>(III) ਰੀਟਾਇਰਮੈਂਟ ਬੈਨੀਫਿੱਟ) 50-00<br>(ਗਰੈਚੂਟੀ ਅਤੇ ਲੀਵ<br>ਇਨਕੈਸਮੈਂਟ ) | 816-74 |
| **ਅ) ਕੰਟੀਜੈਸੀ** | 60-00 |
| **ੲ) ਵਿਕਾਸ ਦੇ ਕੰਮਾਂ ਲਈ**<br>(I) ਕਮਿਟਿੱਡ 381-00<br>(II) ਨਾਨ ਕਮਿਟਿੱਡ 718-70 | 1099-70 |
| **ਕੁਲ** | **1976-44** |
| ਮਿਤੀ 31/3/2013 ਲਈ ਅੰਤਿਮ ਬਕਾਇਆ | 100-00 |
| **ਕੁਲ** | **2076-44** |

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ ਹੇਠਾਂ ਅਨੁਸਾਰ ਹੈ :-

<u>ਆਮਦਨ:</u> ਇਸ ਮੱਦ ਅਧੀਨ ਸਾਲ 2012-13 ਲਈ ਹੇਠ ਦਰਸਾਏ ਹੈਡਾਂ ਦੀ ਕੁੱਲ ਆਮਦਨ

| ਲੜੀ ਨੰ: | ਹੈਡ ਦਾ ਨਾਮ 2 | ਵਿਭਾਗ ਦੀ ਪ੍ਰਵਾਨਗੀ 3 |
|---|---|---|
| 1. | ਵੈਟ/ਪੀ.ਐਮ.ਐਫ. | 875-00 |
| 2. | ਚੁੰਗੀ ਪੈਟਰੋਲ ਡੀਜਲ | 90-00 |
| 3. | ਚੂੰਗੀ ਬਿਜਲੀ ਤੋ | 100-00 |
| 4. | ਹਾਊਸ ਟੈਕਸ | 180-00 |
| 5. | ਰੈਟ | 18-00 |
| 6. | ਬਿਲਡਿੰਗ ਫੀਸਾਂ ਆਦਿ | 77-00 |
| 7. | ਲਾਇੰਸਸ | 00-65 |
| 8. | ਐਡਵਰਟਾਈਜਮੈਂਟ | 5-00 |
| 9. | ਪ੍ਰੋਪਰਟੀ ਦੀ ਸੇਲ | 300-00 |
| 10. | ਹੋਰ ਸਾਧਨਾਂ ਤੋ ਆਮਦਨ | 130-79 |
| 11. | ਅਡੀਸਨਲ ਐਕਸਾਈਜ ਡਿਊਟੀ | 200-00 |
| | **ਜੋੜ:** | **1976-44** |

**ਖਰਚਾ:** **ਅਮਲਾ :** ਇਸ ਮੱਦ ਅਧੀਨ ਸਾਲ 2012-13 ਲਈ ਨਗਰ ਕੋਸਲ ਦਾ 816-74 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਦਾ ਹੈ ਜਿਸ ਵਿਚੋ ਮੌਜੂਦਾ ਪੋਸਟਾਂ ਲਈ ਖਰਚਾ 716-74 ਲੱਖ ਰੁਪਏ, ਪੈਨਸਨ ਕੰਟਰੀਬਿਊਸਨ 50-00 ਲੱਖ ਰੁਪਏ, ਰਿਟਾਇਰਲ ਡਿਊਜ 50-00 ਲੱਖ ਰੁਪਏ ਪ੍ਰਵਾਨ ਕੀਤਾ ਜਾਦਾ ਹੈ। ਨਗਰ ਕੋਸਲ ਬਰਨਾਲਾ ਖਾਲੀ ਆਸਾਮੀਆਂ ਦਾ ਖਰਚਾ ਅਮਲਾ ਮੱਦ ਵਿਚ ਨਹੀ ਦਿੱਤਾ ਗਿਆ ਹੈ।

**ਕੰਟੀਜੈਂਸੀ:** ਇਸ ਮੱਦ ਅਧੀਨ ਸਾਲ 2012-13 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ **ਕੁਲ ਖਰਚਾ ਰੁਪਏ 60-00 ਲੱਖ ਪ੍ਰਵਾਨ ਕੀਤਾ ਜਾਂਦਾ ਹੈ :**

| ਲੜੀ ਨੰ | ਹੈਡ ਦਾ ਨਾਮ 2 | ਵਿਭਾਗ ਦੀ ਪ੍ਰਵਾਨਗੀ 3 |
|---|---|---|
| 1 | ਸਟੇਸਨਰੀ | 1-50 |
| 2 | ਬਿਜਲੀ ਬਿਲ | 5-00 |
| 3 | ਪੈਟਰੋਲ/ਡੀਜਲ ਅਤੇ ਵਹੀਕਲ | 18-00 |
| 4 | ਓ. ਐਡ ਐਮ | 6-00 |
| 5 | ਟੈਲੀਫੂਨ ਬਿਲ | 1-50 |
| 6 | ਕੰਪਿਊਟਰ ਲਈ | 1-00 |
| 7 | ਅਦਰਜ ਹੈਡ | 27-00 |
| | **ਕੁਲ ਜੋੜ:** | **60-00** |

**ਵਿਕਾਸ:** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ ਰੁਪਏ 1099-70 ਲੱਖ ਪ੍ਰਵਾਨ ਕੀਤਾ ਜਾਂਦਾ ਹੈ :

| ਲੜੀ ਨੰ 1.: | ਹੈਡ ਦਾ ਨਾਮ 2 | ਵਿਭਾਗ ਦੀ ਪ੍ਰਵਾਨਗੀ 3 |
|---|---|---|
| : | **ਨਾਨ ਕਮਿਟਿੱਡ ਖਰਚਾ** | |
| 1 | ਨਿਊ ਰੋਡਜ | 150-00 |
| 2 | ਰਿਪੇਅਰ ਆਫ ਰੋਡਜ | 100-00 |
| 3 | ਨਵੀਆਂ ਨਾਲੀਆਂ | 40-00 |
| 4 | ਨਾਲੀਆਂ ਦੀ ਰਿਪੇਅਰ | 35-00 |
| 5 | ਨਵੀਆਂ ਗਲੀਆਂ | 98-00 |
| 6 | ਪੁਰਾਣੀਆਂ ਗਲੀਆਂ ਦੀ ਰਿਪੇਅਰ | 97-50 |
| | ਨਵੀ ਵਾਟਰ ਸਪਲਾਈ | 25-00 |
| | ਨਵਾਂ ਸੀਵਰੇਜ | 25-00 |
| | ਸਲੱਮ | 10-00 |
| | ਮਸੀਨਰੀ ਦੀ ਖਰੀਦ | 10-00 |
| | ਫੁੱਟਕਲ ਕੰਮਾਂ ਲਈ | 128-20 |
| | **ਜੋੜ: (ੳ)** | **718-70** |
| | **ਕਮਿਟਿਡ ਖਰਚਾ** | |
| 1. | ਬਿਜਲੀ ਬਿਲ (ਸਟਰੀਟ ਲਾਇਟ) | 60-00 |
| 2. | ਬਿਜਲੀ ਬਿਲ (ਟਿਊਬਵੈਲ, ਡਿਸਪੋਜਲ ਆਦਿ) | 180-00 |
| 3. | ਸਟਰੀਟ ਲਾਇਟ ਦੀ ਦੇਖਭਾਲ | 40-00 |
| 4. | ਵਾਟਰ ਸਪਲਾਈ ਅਤੇ ਸੀਵਰੇਜ ਦੀ ਦੇਖਭਾਲ | 90-00 |
| 5. | ਸੀ.ਵੀ.ਉ ਸੈਲ ਚਾਰਜਜ | 5-00 |
| 6 | ਸੈਨੀਟੇਸਨ ਆਨ ਕੰਟਰੇਕਟ | 6-00 |
| | **ਜੋੜ:(ਅ)** | **381-00** |
| | **ਕੁਲ ਜੋੜ (ੳ) + (ਅ):** | **1099-70** |

ਮਿਤੀ 31/3/2013 ਲਈ ਅੰਤਮ ਬਕਾਇਆ ਰੁਪਏ 100-00 ਲੱਖ ਹੈ।

ਕਾਰਜ ਸਾਧਕ ਅਫਸਰ, ਨਗਰ ਕੌਸਲ ਬਰਨਾਲਾ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2012-13 ਲਈ ਨਿਸਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਅਸਲ ਆਮਦਨ ਦੇ ਸਨਮੁੱਖ ਹੀ ਖਰਚ ਕੀਤਾ ਜਾਵੇ ਅਤੇ ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

**ਸਰਤਾਂ:-**

1) ਸਾਲ 2012-13 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਕੌਸਲ ਦੇ ਪ੍ਰਧਾਨ ਅਤੇ ਕਾਰਜ ਸਾਧਕ ਅਫਸਰ ਦੀ ਸਾਂਝੀ ਜੁੰਮੇਵਾਰੀ ਹੋਵੇਗੀ।

2) ਨਗਰ ਕਮਲ [illegible]
ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।

3) ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।

4) ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।

5) ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।

6) ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।

7) ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ।

8) ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।

9) ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।

10) ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ
11) ਨਿਗਮ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ ।

12) <u>ਵਿਕਾਸ</u> : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਨਿਗਮ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।

13) ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।

14) ਸਾਲ 2012-13 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ
15) ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।

16) ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ

ਕਰਜਿਆਂ ਦੀ ਅਦਾਇਗੀ, ਪੰਜਵੇ ਪੇ ਕਮਿ-ਨ ਦੇ ਬਕਾਏ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।

17) ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾ ਕੀਤੀ ਜਾਵੇ ।

18) ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।

19) ਸਾਲ 2010-11 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੋਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

20) ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।

21) ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
ਸਥਾਨਕ ਸਰਕਾਰ, ਪੰਜਾਬ।

ਪਿੱਠ ਅੰਕਣ ਨੰ: ਲੇਖਾਕਾਰ-ਸ-ਡਸਸ-ਓਕਵਲ-2012/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
ਸਥਾਨਕ ਸਰਕਾਰ, ਪੰਜਾਬ।